3

# ਦੁਆ ... ਨਹੀਂ ਹੈ

ਦੁਆ ''ਚੱਲ ਰਹੀ'' ਹੈ। ਇਹ ਬੇਹੱਦ ਚਲਨ ਵਿਚ ਹੈ। ਧਰਮ ''ਚੱਲ ਰਿਹਾ'' ਹੈ। ਧਾਰਮਿਕ ਕਿਤਾਬਾਂ ਦਾ ਸਲਾਨਾ ਕਾਰੋਬਾਰ 4 ਕਰੋੜ ਡਾਲਰ ਤਕ ਪਹੁੰਚ ਜਾਂਦਾ ਹੈ। ਜਜ਼ਬਾਤ ''ਚੱਲ ਰਹੇ'' ਹਨ। ਰਹੱਸਵਾਦ ''ਚੱਲ ਰਿਹਾ'' ਹੈ। ਦੁਆ ਤੇ ਸੈਮੀਨਾਰ ਅਤੇ ਪ੍ਰੋਗਰਾਮ ਹੁੰਦੇ ਰਹਿੰਦੇ ਹਨ। ਦੁਆ ਦਾ ਨਾਸ਼ਤਾ ਕਾਫ਼ੀ ਮਸ਼ਹੂਰ ਹੈ। ਦੁਆ ਦੇ ਕਰੂਸੇਡਾਂ ਵਿਚ ਹਜ਼ਾਰਾਂ ਲੋਕਾਂ ਦੀ ਭੀੜ ਜੁੱਟਦੀ ਹੈ। ''ਖੁਸ਼ਹਾਲੀ ਦੀ ਇੰਜੀਲ ਦੇ ਪ੍ਰਚਾਰਕਾਂ'' ਨੇ ''ਦੁਆ ਦੇ ਯੋਧੇ'' ਨਿਯੁਕਤ ਕੀਤੇ ਹੁੰਦੇ ਹਨ। ਅੱਜ ਲੋਕਾਂ ਨੂੰ ਜ਼ੋਰ ਦੇ ਕੇ ਦੱਸਿਆ ਜਾਂਦਾ ਹੈ ਕਿ ''ਦੁਆ ਵਿਚ ਜੋ ਵੀ ਮੰਗੋ ਮਿਲ ਸਕਦਾ ਹੈ।'' ਇਹ ਰੌਚਕ ਘੱਟ ਅਤੇ ਉਲਝਾਉਣ ਵਾਲਾ ਬਹੁਤਾ ਲਗਦਾ ਹੈ। ਭਲਾ ਸਾਨੂੰ ਇੰਨੇ ਧਾਰਮਿਕ ਜੋਸ਼ ਵਿਚ ਆ ਕੇ ਆਨੰਦ ਕਰਨ ਦੀ ਲੋੜ ਹੈ? ਜ਼ਰੂਰੀ ਨਹੀਂ।

*ਯਾਦ ਰੱਖੋ,* ਦੇਣ ਵਾਲਾ ਤਾਂ ਖ਼ੁਦਾ ਹੀ ਹੈ ... ਸ਼ੈਤਾਨ ਸਿਰਫ਼ ਬਨਾਵਟੀ ਚੀਜ਼ਾਂ ਹੀ ਦਿੰਦਾ ਹੈ। ਧਾਰਮਿਕ ਸਿੱਖਿਆ ਦੇਣ ਵਾਲੇ ਲੋਕ ਖ਼ੁਦਾ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਉਹ ਬਾਈਬਲ ਦਾ ਖ਼ੁਦਾ ਨਹੀਂ ਹੈ। ਅੱਜ ਬਹੁਤ ਸਾਰਿਆਂ ਦੇ ਵਿਸ਼ਵਾਸ ਨੂੰ ਅੰਧਵਿਸ਼ਵਾਸ ਕਹਿਣਾ ਹੀ ਸਹੀ ਹੋਵੇਗਾ। ਕਿਉਂਕਿ ਉਹ ਵਿਸ਼ਵਾਸ ਵਚਨ ਦੇ ਮੁਤਾਬਕ ਨਹੀਂ ਹੈ। ਲੋਕ ਦੁਆ ਦੀ ਵਰਤੋਂ ਤਾਂ ਕਰਦੇ ਹਨ ਪਰ ਬਾਈਬਲ ਦੇ ਮੁਤਾਬਕ ਨਹੀਂ। ਅਜਿਹੀਆਂ ਕਈ ਦਿੱਕਤਾਂ ਤੇ ਚਰਚਾ ਕਰਨੀ ਜ਼ਰੂਰੀ ਹੈ।

ਦੁਆ ਕੋਈ ਜਾਦੂ ਨਹੀਂ ਹੈ। ਇਸ ਵਿਚ ਕੋਈ ਰਹੱਸਮਈ ਸ਼ਕਤੀ ਨਹੀਂ ਹੈ। ਦੁਆ ਕੁਝ ਪਾਉਣ ਦਾ ਸ਼ਾਰਟਕਟ ਰਸਤਾ ਨਹੀਂ ਹੈ। ਦੁਆ ਦੀ ਬਰਕਤ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ। ਕਿਸੇ ਵੀ ਗੱਲ ਲਈ ਦੁਆ ਕਰਕੇ ਇਸ ਨੂੰ ਸ਼ੈਤਾਨੀ ਕਾਰਜ ਨਹੀਂ ਬਣਾਇਆ ਜਾ ਸਕਦਾ। ਦੁਆ ਖੁਦਗਰਜ਼ੀ ਜਾਂ ਆਕੜ ਨਹੀਂ ਹੈ। ਦੁਆ ਨੂੰ ਖੁਸ਼ਹਾਲੀ ਨਾਲ ਜੋੜਨਾ ਖ਼ਤਰਨਾਕ ਹੈ। ਦੁਆ ਨਾਲ ਦੌਲਤ ਪਾਉਣ ਦੀ ਗੱਲ ਗੁਸਤਾਖ਼ੀ ਹੈ। ਖ਼ੁਦਾ ਨੂੰ ''ਪਿਆਦਾ'' ਬਣਾਉਣਾ ਕੁਫ਼ਰ ਹੈ। ਦੁਆ ਨੂੰ ''ਵਸੀਲਾ'' ਬਣਾਉਣ ਦਾ ਹਥਕੰਡਾ ਮੂਰਖਤਾ ਹੈ।

ਦੁਆ ''ਕੰਮ ਨਾ ਕਰਨ ਦਾ ਬਹਾਨਾ'' ਨਹੀਂ ਹੈ। ''ਚੰਚਲ ਬੰਦੇ'' ਕੋਲ ਜਾ ਕੇ ਉਸ ਨਾਲ ਗੱਲ ਕਰਨ ਦੀ ਥਾਂ ਉਸ ਲਈ ਦੁਆ ਕਰਨਾ ਕਿਤੇ ਅਸਾਨ ਹੈ। ਵਿਸ਼ਵਾਸ ਅਰਥਾਤ ਦੁਆ ਦਾ ਮਤਲਬ ''ਯਿਸੂ ਵੱਲ ਭੇਜ ਦੇਣਾ'' ਹੀ ਨਹੀਂ ਹੈ। ਦੁਆ ਵਿਚਾਰ ਕਰਨ ਦਾ ਬਦਲ ਨਹੀਂ ਹੈ। ਦੁਆ ਕੰਮ ਕਰਨ ਦਾ ਬਦਲ ਨਹੀਂ ਹੈ। ਦੁਆ ਕਰਨ ਦਾ ਵਕਤ ਹੁੰਦਾ ਹੈ! ਦੁਆ ਕਰਨੀ ਛੱਡ ਕੇ ਕੰਮ ਕਰਨ ਦਾ ਵੀ ਵਕਤ ਹੁੰਦਾ ਹੈ! ਬਹੁਤੇ ਲੋਕ ਬੰਦਗੀਆਂ ਵਿਚ ਉਸ ਤੇ ਅਮਲ ਨਾ ਕਰਕੇ ਸਿਰਫ਼ ਚੰਗਾ ਮਹਿਸੂਸ ਕਰਨ ਲਈ ਜਾਂਦੇ ਹਨ! ਦੁਆ ਕਿਸੇ ਵੀ ਤਰ੍ਹਾਂ ਕਿਸੇ ਦੋਸ਼ੀ ਵਿਵੇਕ ਲਈ ਮਰਹਮ ਨਹੀਂ ਹੈ। ਅਜਿਹੇ ਕੰਮ ਹਨ, ਜਿਨ੍ਹਾਂ ਨੂੰ ਸਿਰਫ਼ ਖ਼ੁਦਾ ਹੀ ਕਰ ਸਕਦਾ ਹੈ। ਪਰ ਕਈ ਕੰਮ ਅਜਿਹੇ ਹਨ ਜੋ ਸਿਰਫ਼ ਮੈਨੂੰ ਹੀ *ਕਰਨੇ ਜ਼ਰੂਰੀ* ਹਨ। ਪ੍ਰਚਲਿਤ, ਨਵਾਂ ਵਿਸ਼ਵਾਸ ਸਾਦਗੀ ਭਰੇ ਵਿਸ਼ਵਾਸ ਦਾ ਬਦਲ ਨਹੀਂ ਹੋ ਸਕਦਾ।

ਜ਼ਰੂਰੀ ਨਹੀਂ ਕਿ ਦੁਆ ਕਰਨ ਨਾਲ ਸਾਨੂੰ ਚੰਗਾ ਹੀ ਲੱਗਣ ਲੱਗੇ। ਦੁਆ ਤੇ ਗਹਿਰਾਈ ਵਿਚ ਲੈ ਜਾਣ ਵਾਲੀਆਂ ਕਿਤਾਬਾਂ ਵਿਚ, ''ਦੁਆਵਾਂ ਦੇ ਚਰਮ ਤਜਰਬਿਆਂ'' ਦੀ ਗਵਾਹੀ ਹੁੰਦੀ ਹੈ। ਇਸ ਵਿਚ ਕਿਤਾਬਾਂ ਦੀ ਵਿਕਰੀ ਤਾਂ ਵਧ ਸਕਦੀ ਹੈ, ਪਰ ਇਹ ਬਾਈਬਲ ਦਾ ਤਰੀਕਾ ਨਹੀਂ ਹੈ। ਬਾਈਬਲ ਦੇ ਲੋਕ ''ਗੋਡਿਆਂ ਭਾਰ ਝੁਕਦੇ'' ਜਾਂ ''ਮੂੰਹ ਭਾਰ ਡਿਗਦੇ'' ਸਨ। ਉਨ੍ਹਾਂ ਨੂੰ ਕੋਈ ''ਪਰਮ ਅਨੁਭਵ'' ਨਹੀਂ ਹੁੰਦਾ ਸੀ। ਮਰਨ ਤੋਂ ਪਹਿਲਾਂ ਦੀ ਪੀੜ ਦੇ ਦੌਰਾਨ, ਦੁਆ ਵਿਚ ਯਿਸੂ ਦਾ ਪਸੀਨਾ

ਲਹੂ ਦੇ ਵਾਂਗ ਡਿੱਗ ਰਿਹਾ ਸੀ। ਉੱਥੇ ਉਸ ਨੂੰ ਕੋਈ ''ਪਰਮ ਅਨੁਭਵ'' ਨਹੀਂ ਹੋਇਆ ਸੀ। ਦੁਆ ਦਾ ''ਚੰਗਾ ਲੱਗ ਰਿਹਾ ਹੈ'' ਨਾਲ ਕੋਈ ਵਾਸਤਾ ਨਹੀਂ ਹੈ! ਦੁਆ ਤਾਂ ਕੁਰਬਾਨੀ ਹੈ ... ਇਸਦਾ ਅੰਤ ਤਕਲੀਫ਼ਦੇਹ ਵੀ ਹੋ ਸਕਦਾ ਹੈ।

ਦੁਆ ਕਰਨ ਵਾਲਿਆਂ ਨੂੰ ਆਪਣੇ ਆਪ ਨੂੰ ''ਧਾਰਮਿਕ ਤੌਰ ਤੇ ਦੂਜਿਆਂ ਨਾਲੋਂ ਉੱਤਮ'' ਨਹੀਂ ਸਮਝਣਾ ਚਾਹੀਦਾ। ਪਖੰਡੀ ਠੱਗ, ਵਿਚਾਰ ਕਰਨ, ਵਾਦ ਵਿਵਾਦ ਕਰਨ ਜਾਂ ਇਮਾਨਦਾਰ ਹੋਣ ਦੀ ਥਾਂ, ਦੂਜਿਆਂ ਨੂੰ ਨੀਵਾਂ ਵਿਖਾਉਂਦੇ ਹਨः ''ਮੈਂ ਉਹਦੇ ਲਈ ਦੁਆ ਕੀਤੀ ਹੈ!'' ਇਸ ਜਵਾਬ ਦਾ ਮਤਲਬ ਇਹ ਹੈ ਕਿ ਜੋ ਲੋਕ ਉਨ੍ਹਾਂ ਦੇ ਨਾਲ ਸਹਿਮਤ ਨਹੀਂ ਹਨ, ਉਹ ਖ਼ੁਦਾ ਦੇ ਖ਼ਿਲਾਫ਼ ਲੜ ਰਹੇ ਹਨ। *ਕਿੰਨੀ ਭੈੜੀ ਗੱਲ ਹੈ।* ਮੈਨੂੰ ਉਨ੍ਹਾਂ ਲੋਕਾਂ ਤੋਂ ਡਰ ਲਗਦਾ ਹੈ ਜਿਹੜੇ ਬਹੁਤੇ ਧਾਰਮਿਕ ਹੋਣ ਦੀ ਗੱਲ ਕਰਦੇ ਹਨः ''ਰੂਹਾਨੀ ਤੌਰ ਤੇ ਤੁਹਾਡੇ ਨਾਲੋਂ ਵੱਡਾ ਹੋਣ ਕਰਕੇ ਮੈਂ ਇਸ ਲਈ ਦੁਆ ਕਰਾਂਗਾ।'' ਦੁਆ ਤੇ ਘਮੰਡ ਕਰਨ ਦਾ ਮਤਲਬ ਹੈ ਆਪਣੀ ਹਲੀਮੀ ਤੇ ਘਮੰਡ ਕਰਨਾ! ਯਿਸੂ ਨੇ ਅਜਿਹੇ ਲੋਕਾਂ ਨੂੰ ਜਿਹੜੇ ਆਪਣੀਆਂ ਦੁਆਵਾਂ ਦੇ ਪਿੱਛੇ ਆਪਣਾ ਅਸਲੀ ਚਿਹਰਾ ਲੁਕਾਉਂਦੇ ਹਨ, ਕਪਟੀ ਕਿਹਾ ਸੀ (ਮੱਤੀ 6: 1–18)। ਦੁਆ ਸਾਨੂੰ ਹਲੀਮ ਬਣਾਉਂਦੀ ਹੈ। ਜਿੰਨਾ ਤੁਸੀਂ ਦੁਆ ਕਰੋਗੇ, ਓਨਾ ਹੀ ਦੁਆ ਕਰਨਾ ਸਿੱਖੋਗੇ।

ਹੋ ਸਕਦਾ ਹੈ ਕਿ ਦੁਆ ਦੀ ਵਰਤੋਂ ਕੰਮ ਕੱਢਣ ਲਈ ਵੀ ਕੀਤੀ ਜਾਵੇ। ਟੈਲੀਵਿਜ਼ਨ ਦੇ ਪ੍ਰਚਾਰਕ ਹਰ ਰੋਜ਼ ਅਜਿਹਾ ਕਰਦੇ ਹਨ। ਉਹ ਤੁਹਾਡੇ ਪੈਸੇ ਦੀ ਮੰਗ ਕਰਦੇ ਹਨ ਅਤੇ ਫਿਰ ਤੁਹਾਨੂੰ ਦੁਆ ਨਾਲ ਸ਼ਰਮਿੰਦਾ ਕਰਦੇ ਹਨ। ਕਿਸੇ ਮੰਡਲੀ ਤੋਂ ਮੇਰੀ ਸਿਰਫ਼ ਇਹੀ ਮੰਗ ਹੁੰਦੀ ਹੈ ਕਿ ਉਹ ਮੇਰੇ ਲਈ ਦੁਆ ਕਰਨ। ਖ਼ਬਰਦਾਰ! ਕਲੀਸੀਆ ਦੇ ਆਗੂਆਂ ਲਈ ਪ੍ਰੋਗਰਾਮਾਂ ਨੂੰ ਵੇਚਣ ਜਾਂ ਆਪਣਾ ਤਰੀਕਾ ਦੱਸਣ ਲਈ ਆਪਣੇ ਆਪ ਨੂੰ ਦੁਆਵਾਂ ਦੇ ਪਿੱਛੇ ਲੁਕਾਉਣ ਦਾ ਲਾਲਚ ਅਸਾਨ ਲਗਦਾ ਹੈ। ''ਇਸ ਲਈ ਦੁਆ ਕਰੋ'' ਬਾਈਬਲ ਦੇ ਕਿਸੇ ਇਖ਼ਤਿਆਰ ਜਾਂ ਵਿਚਾਰ ਦਾ ਬਦਲ ਨਹੀਂ ਹੈ। ਅਜਿਹੇ ਲੋਕਾਂ ਤੋਂ ਖ਼ਬਰਦਾਰ ਰਹੋ, ਜਿਹੜੇ ''ਤੁਹਾਥੋਂ ਵੱਧ ਰੂਹਾਨੀ'' ਹੋਣ ਵਰਗੀਆਂ ਗੱਲਾਂ ਕਰਦੇ ਹਨ। ਅਜਿਹੇ ਭਰਾਵਾਂ ਤੋਂ ਜਿਹੜੇ ਦੁਆ ਦੇ ਜ਼ਰੀਏ ਕਲੀਸੀਆਵਾਂ ਉੱਤੇ ਕਾਬੂ ਰੱਖਦੇ ਹਨ, ਚੌਕਸ ਰਹੋ। ਬਾਈਬਲ ਮੁਤਾਬਕ ਹੋਣ ਵਾਲੀ ਦੁਆ ਨਾ ਤਾਂ ਖ਼ੁਦਾ ਨਾਲ ਅਤੇ ਨਾ ਹੀ ਮਨੁੱਖ ਨਾਲ ਧੋਖਾ ਕਰਦੀ ਹੈ। ਧੋਖਾ ਜਾਂ ਕੰਮ ਕੱਢਣਾ ਹਮੇਸ਼ਾ ਹੀ ਗ਼ਲਤ ਹੁੰਦਾ ਹੈ, ਖ਼ਾਸ ਕਰ ਉਦੋਂ ਜਦ ਇਹ ਦੁਆ ਦੀ ਆੜ ਵਿਚ ਹੋਵੇ। ''ਭਾਈ ਹੌਜ, ਮੈਂ ਤੁਹਾਡੇ ਲਈ ਦੁਆ ਕਰਾਂਗਾ,'' ਕਹਿਣਾ ਭੈੜਾ, ਭੱਦਾ ਅਤੇ ਡਰਾਉਣ ਵਾਲਾ ਹੋ ਸਕਦਾ ਹੈ।

ਦੁਆ ਕਰੋ ... ਖ਼ੁਦਾ ਤੋਂ ਦੁਆ ਕਰੋ।